# ‘ਸਬਦੁ’

## ਭਾਗ - 1

ਸਾਡੇ ਹਿਰਦੇ ਵਿਚ ਪਹਿਲਾਂ ਵਲਵਲਾ ਉਪਜਦਾ ਹੈ। ਬੁੱਧੀ ਇਸ ਦੀ ਛਾਣਬੀਣ ਕਰਕੇ ‘ਖਿਆਲ’ ਦਾ ਰੂਪ ਦਿੰਦੀ ਹੈ। ਫੇਰ ਜਦੋਂ ਅਸੀਂ ਇਸ ਖਿਆਲ ਨੂੰ ਪ੍ਰਗਟ ਕਰਨਾ ਚਾਹੁੰਦੇ ਹਾਂ, ਤਾਂ ਇਸ ਨੂੰ ਆਪਣੀ ਬੋਲੀ ਅਤੇ ਅੱਖਰਾਂ ਦੁਆਰਾ, ਰਸਨਾ ਨਾਲ ਬੋਲ ਕੇ ਜਾਂ ਲਿਖ ਕੇ ਪ੍ਰਗਟ ਕਰਦੇ ਹਾਂ। ਇਸ ਦਾ ਮਤਲਬ, ਇਹ ਹੋਇਆ, ਕਿ ਸਾਡੇ ਵਲਵਲੇ ਜਾਂ ਖਿਆਲ ਹੀ ਅਸਲੀ ਵਸਤੂ ਹਨ। ਸਾਡੀ ਬੋਲੀ ਅਥਵਾ ‘ਸਬਦ’ ਅਤੇ ‘ਅੱਖਰ’ ਇਨ੍ਹਾਂ ਖਿਆਲਾਂ ਦੇ ਪ੍ਰਗਟਾਉਣ ਦੇ ਸਾਧਨ-ਰੂਪ ਹਨ। ਇਹ ਸਾਰੀ ਕ੍ਰਿਆ ਸਰਗੁਣ ਦੁਨੀਆਂ ਦਾ ਕਰਤਵ ਹੈ ਅਥਵਾ ਤ੍ਰੈ-ਗੁਣਾਂ ਦੀ ‘ਖੇਲ’ ਹੈ।

ਇਸ ਤੋਂ ਉਪਰ ਆਤਮਿਕ ਦੁਨੀਆਂ ਦੀ ‘ਖੇਲ’ ਹੋਰਵੇਂ ਹੈ।

ਪ੍ਰਮਾਤਮਾ ਦਾ ਸਰੂਪ ‘ਆਤਮ-ਪ੍ਰਕਾਸ਼’ ਹੈ, ਜੋ ‘ਸਬਦ’ ਯਾ ‘ਨਾਮ’ ਦੁਆਰਾ ਪ੍ਰਕਾਸ਼ਤ ਅਤੇ ਪ੍ਰਵਿਰਤ ਹੁੰਦਾ ਹੈ।

ਮਾਇਆ ਦੇ ਘੋਰ ਅੰਧਕਾਰ ਵਿਚ, ਜਦ ਕਦੇ ਸਾਡੇ ਉਨਮਨ ਉਤੇ ਇਸ ਆਤਮਿਕ ਪ੍ਰਕਾਸ਼ ਦੀ ਲਿਸ਼ਕ ਪੈਂਦੀ ਹੈ — ਤਾਂ ਇਸ ਨੂੰ ਅਨੁਭਵ ਕਿਹਾ ਜਾਂਦਾ ਹੈ।

ਗੁਰਬਾਣੀ ਅਨੁਸਾਰ, ‘ਆਤਮਿਕ-ਪ੍ਰਕਾਸ਼’ ਦੇ ਝਲਕਾਰਿਆਂ ਨੂੰ ‘ਅਨੁਭਵ’ ਕਰਨਾ ਹੀ ‘ਸਬਦ’ ਦਾ —

ਬੁੱਝਣਾ
ਸੀਝਣਾ
ਚੀਨਣਾ
ਪਹਿਚਾਨਣਾ
ਵਿਚਾਰਨਾ
ਕਮਾਉਣਾ

ਆਖਿਆ ਗਿਆ ਹੈ, ਨਾ ਕਿ ਬੁੱਧੀ ਨਾਲ ਸਮਝਣਾ।

ਚੀਨਤ ਚੀਤੁ ਨਿਰੰਜਨ ਲਾਇਆ॥
ਕਹੁ ਕਬੀਰ ਤੌ ਅਨਭਉ ਪਾਇਆ॥ (ਪੰਨਾ-328)

ਉਨਮਨਿ ਮਨੂਆ ਸੁੰਨਿ ਸਮਾਨਾ ਦੁਬਿਧਾ ਦੁਰਮਤਿ ਭਾਗੀ॥
ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮ ਨਾਮਿ ਲਿਵ ਲਾਗੀ॥ (ਪੰਨਾ-333)

ਜੀਵਤ ਪਾਵਹੁ ਮੋਖ ਦੁਆਰ॥
ਅਨਭਉ ਸਬਦੁ ਤਤੁ ਨਿਜੁ ਸਾਰ॥ (ਪੰਨਾ-343)

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥
ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥ (ਪੰਨਾ-973)

ਬਾਹਰ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ
ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ॥ (ਪੰਨਾ-1002)

ਗੁਰ ਉਪਦੇਸੁ ਅਵੇਸੁ ਕਰਿ ਅਨਭਉ ਪਦੁ ਪਾਈ। (ਵਾ.ਭਾ.ਗੁ. 9/5)
ਸਬਦੁ ਸੁਰਤਿ ਲਿਵਲੀਣੁ ਹੋਇ ਅਨਭਉ ਅਘੜ ਘੜਾਏ ਗਹਣਾ।
(ਵਾ.ਭਾ.ਗੁ. 18/22)

ਗੁਰਬਾਣੀ ਆਤਮ-ਪ੍ਰਕਾਸ਼ ਦੇ 'ਅਨੁਭਵ' ਵਿਚੋਂ ਉਚਰੀ ਗਈ ਹੈ। ਇਸ ਲਈ ਸਾਡੀ ਸੀਮਤ ਬੁੱਧੀ ਦੀ ਛਾਣਬੀਣ, ਸਮਝ ਅਤੇ ਪਕੜ ਤੋਂ ਪਰੇ ਹੈ। ਏਸੇ ਕਾਰਣ ਅਸੀਂ ਗੁਰਬਾਣੀ ਦੇ ਡੂੰਘੇ, ਗੁੱਝੇ ਅਧਿਆਤਮਿਕ ਅਰਥਾਂ, ਭੇਦਾਂ ਅਤੇ ਭਾਵਾਂ ਤੋਂ ਅਨਜਾਣ ਹਾਂ, ਅਤੇ ਗੁਰਬਾਣੀ ਦੀਆਂ ਡੂੰਘਿਆਈਆਂ ਦੇ ਗੁੱਝੇ ਭਾਵਾਂ ਤੇ ਭੇਦਾਂ ਦਾ ਰਸ ਮਾਣਨ ਤੋਂ ਅਸਮਰਥ ਹਾਂ। ਅਸੀਂ ਆਪੋ-ਆਪਣੀ ਬੁੱਧੀ ਦੁਆਰਾ ਗੁਰਬਾਣੀ ਦੇ ਅੱਖਰੀ ਅਤੇ ਭਾਵਾਰਥ ਵੀਚਾਰ ਕੇ ਹੀ ਸੰਤੁਸ਼ਟ ਹੋਏ ਰਹਿੰਦੇ ਹਾਂ।

ਗੁਰਬਾਣੀ ਵਿਚ 'ਸਬਦੁ' ਅਤੇ 'ਨਾਮੁ' ਅੱਖਰਾਂ ਦਾ ਜ਼ਿਕਰ ਬੇਅੰਤ ਵਾਰੀ ਆਇਆ ਹੈ, ਤੇ ਹੋਰਨਾਂ ਅੱਖਰਾਂ ਦੀ ਤਰ੍ਹਾਂ, 'ਸਬਦੁ' ਅਖਰ ਦਾ ਭੀ ਅਸੀਂ ਅਲਪ ਬੁੱਧੀ ਨਾਲ ਹੀ ਅਰਥ ਕਰਦੇ ਅਤੇ ਸੁਣਦੇ ਹਾਂ। ਜਿਸ ਕਾਰਣ ਜਗਿਆਸੂਆਂ ਵਿਚ 'ਸਬਦ' ਅੱਖਰ ਬਾਬਤ ਭਰਮ ਭੁਲੇਖੇ ਪਏ ਹੋਏ ਹਨ। ਗੁਰਬਾਣੀ ਵਿਚ ਇਸ ਦੀ ਇਉਂ ਪ੍ਰੋੜਤਾ ਕੀਤੀ ਗਈ ਹੈ —

ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ॥ (ਪੰਨਾ-39)

ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ॥ (ਪੰਨਾ-113)

ਗੁਰ ਕਾ ਸਬਦੁ ਕੋ ਵਿਰਲਾ ਬੂਝੈ॥
ਆਪੁ ਮਾਰੇ ਤਾ ਤ੍ਰਿਭਵਣੁ ਸੂਝੈ॥ (ਪੰਨਾ-120)

ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ॥
ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ॥ (ਪੰਨਾ-128)

ਮਾਇਆਧਾਰੀ ਅਤਿ ਅੰਨਾ ਬੋਲਾ॥
ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ (ਪੰਨਾ-313)

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ॥ (ਪੰਨਾ-380)

ਏਕੁ ਸਬਦੁ ਤੂੰ ਚੀਨਹਿ ਨਾਹੀ ਫਿਰਿ ਫਿਰਿ ਜੂਨੀ ਆਵਹਿਗਾ॥ (ਪੰਨਾ-434)

ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ॥ (ਪੰਨਾ-601)

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ॥ (ਪੰਨਾ-938)

ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ॥ (ਪੰਨਾ-1126)

ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ॥ (ਪੰਨਾ-1275)

ਗੁਰਬਾਣੀ ਦੀ 'ਅਨੁਭਵੀ ਰੋਸ਼ਨੀ' ਵਿਚ 'ਸਬਦੁ' ਅੱਖਰ ਦੀ ਵਿਚਾਰ ਕਰਨ ਦਾ ਇਸ ਲੇਖ ਵਿਚ ਉਦਮ ਕੀਤਾ ਜਾਂਦਾ ਹੈ —

ਗੁਰਬਾਣੀ ਵਿਚ 'ਸਬਦੁ' ਅੱਖਰ ਦੇ ਨਾਲ ਕਈ ਵਿਸ਼ੇਸ਼ਣ ਲਾਏ ਗਏ ਹਨ, ਜਿਹਾ ਕਿ —

ਗੁਰ ਸਬਦੁ
ਸਚ ਸਬਦੁ
ਅਨਹਦ ਸਬਦੁ
ਏਕ ਸਬਦੁ
ਤਤ ਸਬਦੁ
ਪੂਰਾ ਸਬਦੁ
ਖੇਵਟ ਸਬਦੁ
ਨਿਰਭਉ ਸਬਦੁ
ਸਾਹਿਬ ਸਬਦੁ
ਅਲੱਖ ਸਬਦੁ
ਕਰਾਰਾ ਸਬਦੁ
ਲੰਗਰ ਸਬਦੁ
ਰਤਨ ਸਬਦੁ
ਭਤਾਰ ਸਬਦੁ
ਸੀਤਲ ਸਬਦੁ
ਅਪਾਰ ਸਬਦੁ

ਦਾਤਾ ਸਬਦੁ
ਬੋਹਿਥ ਸਬਦੁ
ਨੀਸਾਣ ਸਬਦੁ
ਅੰਕਸ ਸਬਦੁ
ਅਬਿਨਾਸੀ ਸਬਦੁ
ਮੀਠਾ ਸਬਦੁ
ਮਹਾਂਰਸ ਸਬਦੁ
ਅਉਖਧ ਸਬਦੁ ਆਦਿ।

'ਸਬਦੁ' ਅੱਖਰ ਅਤੇ ਉਹਨਾਂ ਦੇ ਵਿਸ਼ੇਸ਼ਣਾਂ ਦੇ ਅਨੁਭਵੀ ਭਾਵ ਅਰਥਾਂ ਨੂੰ —

ਸੁਣਨ
ਵਿਚਾਰਨ
ਪਛਾਣਨ
ਬੁੱਝਣ
ਸੀਝਣ
ਕਮਾਉਣ
ਮਾਣਨ

ਲਈ 'ਅਨੁਭਵੀ ਸੋਝੀ' ਦੀ ਲੋੜ ਹੈ।

ਪਰ ਆਮ ਤੌਰ ਤੇ, ਅਸੀਂ ਉਸ 'ਤਤ ਸਬਦੁ' ਦੇ ਅੱਖਰੀ ਸਰੂਪ ਨੂੰ ਹੀ ਆਪਣੀ ਅਲਪੱਗ ਬੁੱਧੀ ਨਾਲ —

ਸੁਨਣਾ
ਸਮਝਣਾ
ਅਰਥਾਉਣਾ
ਵਿਚਾਰਨਾ

ਸਮਝੀ ਬੈਠੇ ਹਾਂ।

ਪਰ ਅਸਲ ਵਿਚ 'ਤਤ ਸਬਦੁ' ਦਾ ਕੋਈ ਗੁੱਝਾ ਭੇਦ ਹੈ, ਜਿਸ ਨੂੰ ਕੇਵਲ 'ਅਨੁਭਵ' ਦੁਆਰਾ ਹੀ —

ਜਾਣਿਆ
ਬੁੱਝਿਆ
ਚੀਨਿਆ

ਸੀਝਿਆ
ਪਹਿਚਾਨਿਆ
ਵਿਚਾਰਿਆ
ਕਮਾਇਆ
ਭੁੰਚਿਆ
ਧਿਆਇਆ
ਮਾਣਿਆ

ਜਾ ਸਕਦਾ ਹੈ।

ਜਦ ਤਕ ਸਾਡੇ ਅੰਤ੍ਰ-ਆਤਮੇ ਅਨੁਭਵ-ਪ੍ਰਕਾਸ਼ ਨਹੀਂ ਹੁੰਦਾ, ਤਦ ਤਕ ਅਸੀਂ ਸਰਗੁਣ ਦੁਨੀਆਂ ਵਿਚ ਵਿਚਰਦੇ ਹੋਏ 'ਗੁਰ ਸਬਦ' ਦੇ ਅੱਖਰੀ-ਸਰੂਪ ਗੁਰਬਾਣੀ ਦੇ ਲੜ ਲਗਣਾ ਹੈ। ਗੁਰਬਾਣੀ ਦਾ ਪਾਠ, ਕੀਰਤਨ, ਵਿਚਾਰ ਅਤੇ ਅਰਥ ਸਮਝਣ ਤੇ ਸਮਝਾਉਣ ਦੀ ਕੇਵਲ ਲੋੜ ਹੀ ਨਹੀਂ, ਸਗੋਂ ਇਹ ਅਧਿਆਤਮਿਕ ਪੰਧ ਲਈ ਲਾਜ਼ਮੀ ਹੈ।

ਸਤਿਸੰਗ ਅਤੇ ਸਿਮਰਨ ਹੀ ਅਨੁਭਵੀ ਦੇਸ਼ ਜਾਂ ਆਤਮਿਕ ਮੰਡਲ ਵੱਲ ਲੈ ਜਾਣ ਦਾ ਸਾਧਨ ਹੈ।

ਸਾਡੇ ਲਈ ਇਨ੍ਹਾਂ ਦੋਹਾਂ 'ਮਾਨਸਿਕ' ਅਤੇ 'ਆਤਮਿਕ' ਮੰਡਲਾਂ ਦੀ ਕ੍ਰਿਆ ਦਾ ਸਹੀ ਗਿਆਨ ਹੋਣਾ ਜ਼ਰੂਰੀ ਹੈ। ਇਸ 'ਗਿਆਨ' ਅਨੁਸਾਰ ਹੀ ਅਸੀਂ ਆਪਣਾ 'ਆਤਮਿਕ ਜੀਵਨ' ਢਾਲਣਾ ਹੈ।

ਸਿਖ ਜਗਤ ਵਿਚ ਬਹੁਤ ਸਾਰੇ ਲੋਕ ਮਾਨਸਿਕ ਅਤੇ ਸਰੀਰਕ ਘਾਲਣਾ ਨੂੰ ਹੀ ਧਾਰਮਿਕ 'ਮੰਜ਼ਿਲ' ਸਮਝ ਕੇ ਸੰਤੁਸ਼ਟ ਹਨ।

ਅਸਲ ਵਿਚ ਸਰੀਰਕ ਅਤੇ ਮਾਨਸਿਕ ਘਾਲਣਾ —

ਯਤਨ ਹਨ – ਨਤੀਜਾ ਨਹੀਂ !
ਸਾਧਨ ਹਨ – ਪੂਰਨਤਾ ਨਹੀਂ !
ਪੌੜੀਆਂ ਹਨ – ਸਿਖਰ ਨਹੀਂ !
ਕਲਾਸਾਂ ਹਨ – ਡਿਗਰੀ ਨਹੀਂ !
ਗਿਆਨ ਹੈ – ਪ੍ਰਾਪਤੀ ਨਹੀਂ !
ਯਾਤਰਾ ਹੈ – ਮੰਜ਼ਿਲ ਨਹੀਂ !
ਫੁੱਲ ਹੈ – ਮਹਿਕ ਨਹੀਂ !
ਫਲ ਹੈ – ਰਸ ਨਹੀਂ !

ਸਾਡੀ 'ਮੰਜ਼ਿਲ' ਅਨੁਭਵੀ-ਪ੍ਰਕਾਸ਼ ਦੁਆਰਾ ਧੁਰ 'ਇਲਾਹੀ-ਮੰਡਲ' ਵਿਚ ਪਹੁੰਚ ਕੇ ਹਰੀ ਵਿਚ ਸਮਾਉਣਾ ਹੈ।

ਗੁਰਬਾਣੀ ਵਿਚ 'ਸਬਦੁ' ਦੇ ਅਨੇਕਾਂ ਪੱਖ ਦਰਸਾਏ ਗਏ ਹਨ, ਜਿਹਾ ਕਿ

'ਸਬਦੁ' —

ਗੁਰੂ ਹੈ
ਪ੍ਰਕਾਸ਼ ਹੈ
ਰਵਿ-ਰਹਿਆ ਭਰਪੂਰ ਹੈ
ਨਿਰਮਲ ਹੈ
ਨਾਮ ਹੈ
ਅੰਮ੍ਰਿਤ ਹੈ
ਆਤਮ ਰਸ ਹੈ
ਆਤਮ ਰੰਗ ਹੈ
ਧੁਰ ਕੀ ਬਾਣੀ ਹੈ
ਜੋਤਿ ਹੈ
ਤੱਤ ਹੈ
ਪੂਰਾ ਹੈ
ਨਿਰਭਉ ਹੈ
ਅਬਿਨਾਸੀ ਹੈ
ਨਿਰਮਲ ਨਾਦ ਹੈ
ਦਾਤਾ ਹੈ

ਸਚੀ ਗੁਰਮਤਿ ਹੈ
ਪ੍ਰੇਮ ਪਦਾਰਥ ਹੈ
ਕਰਾਰਾ ਹੈ
ਹੀਰਾ ਰਤਨ ਹੈ
ਲੰਗਰ ਹੈ
ਨੀਸਾਣ ਹੈ
ਆਤਮਾ ਹੈ
ਖੇਵਟ ਹੈ
ਬੋਹਿਥ ਹੈ
ਬਖਸ਼ਿਸ਼ ਹੈ
ਸਦਾ ਨਿਭਦਾ ਹੈ

ਅੰਤਰ ਧਿਆਨ ਹੈ
ਅਖੁੱਟ ਧਨ ਹੈ
ਭਗਤੀ ਭੰਡਾਰ ਹੈ
ਚਰਨ ਕਮਲ ਹੈ।

ਸ੍ਰਿਸ਼ਟੀ ਰਚਣ ਤੋਂ ਪਹਿਲਾਂ 'ਨਿਰੰਕਾਰ' ਜੁਗਾਂ-ਜੁਗਾਂਤਰਾਂ ਤੋਂ ਕੇਵਲ ਆਪਣੇ ਆਪ ਬਿਸਮਾਦੀ ਸੁੰਨ-ਸਮਾਧਿ ਸਰੂਪ ਵਿਚ ਲੀਨ ਰਿਹਾ। ਦ੍ਰਿਸ਼ਟ ਅਤੇ ਅਦ੍ਰਿਸ਼ਟ ਸੰਸਾਰ ਕੁੱਝ ਵੀ ਨਹੀਂ ਸੀ। 'ਨਿਰੰਕਾਰ' ਦੀ ਇਸ ਅਸਚਰਜ ਅਤੇ ਅਦਭੁਤ ਸਰੂਪ ਨੂੰ ਗੁਰਬਾਣੀ ਵਿਚ ਇਉਂ ਬਿਆਨਿਆ ਗਿਆ ਹੈ —

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥

(ਪੰਨਾ-940)

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ (ਪੰਨਾ-1035)

ਕੇਤੜਿਆ ਦਿਨ ਗੁਪਤੁ ਕਹਾਇਆ॥
ਕੇਤੜਿਆ ਦਿਨ ਸੁੰਨਿ ਸਮਾਇਆ॥
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ॥ (ਪੰਨਾ-1081)

ਮਨ, ਚਿਤ, ਬੁੱਧੀ, ਅੱਖਰ, ਰੂਪ-ਰੰਗ, ਰੇਖ-ਭੇਖ ਅਤੇ ਆਹਤ-ਨਾਦ ਤੋਂ ਪਰੇ 'ਤਤ-ਰੂਪ ਸਬਦੁ', ਪਹਿਲਾਂ ਸਿਰਜਨਹਾਰ ਨਿਰੰਕਾਰ ਦੀ ਸੁੰਨ-ਸਮਾਧਿ ਦੀ ਅਵਸਥਾ ਵਿਚ ਵਸਦਾ ਸੀ।

ਰੂਪੁ ਨ ਰੇਖਿਆ ਜਾਤਿ ਨ ਹੋਤੀ
ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ॥ (ਪੰਨਾ-945)

'ਸਿਧ ਗੋਸਟਿ' ਵਿਚ ਗੁਰੂ ਨਾਨਕ ਸਾਹਿਬ ਦੇ 'ਸਬਦੁ-ਗੁਰੂ ਮਤਿ' ਪਰਥਾਇ ਸਿਧਾਂ ਨੇ ਅਨੇਕਾਂ ਪ੍ਰਸ਼ਨ ਕੀਤੇ, ਜਿਸ ਦਾ ਕੇਵਲ ਸੰਖੇਪ ਵਰਣਨ ਏਥੇ ਕੀਤਾ ਜਾਂਦਾ ਹੈ —

1. ਇਸ 'ਮਤਿ' ਦਾ ਮੁੱਢ ਕੀ ਹੈ ?
2. ਇਹ 'ਮਤਿ' ਕਦੋਂ ਚਲਿਆ ?
3. ਤੁਹਾਡਾ 'ਗੁਰੂ' ਕੌਣ ਹੈ ?
4. ਚੇਲੇ ਕਿਸ ਤਰ੍ਹਾਂ ਬਣੀਦਾ ਹੈ ?

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ (ਪੰਨਾ-942)

ਇਹਨਾਂ ਪ੍ਰਸ਼ਨਾਂ ਦਾ ਉਤਰ ਗੁਰੂ ਨਾਨਕ ਸਾਹਿਬ ਨੇ ਇਉਂ ਦਿਤਾ —

1. ਇਸ 'ਮਤਿ' ਦਾ ਨਾਮ 'ਸਤਿਗੁਰ ਮਤਿ' ਹੈ, ਭਾਵ ਇਸ 'ਮਤਿ' ਦਾ ਮੁੱਢ ਜਾਂ ਸੰਚਾਲਕ ਅਕਾਲ ਪੁਰਖ ਆਪ ਹੀ ਹੈ।

2. ਜਦੋਂ ਤੋਂ ਪਵਣ ਬਣੀ ਹੈ, ਜਾਂ ਜਦੋਂ ਤੋਂ ਸ੍ਰਿਸ਼ਟੀ ਬਣੀ ਹੈ, ਉਦੋਂ ਦਾ ਇਹ 'ਮਤਿ' ਚਲਿਆ ਆ ਰਿਹਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ 'ਸਬਦੁ-ਗੁਰੂ ਮਤਿ' ਕੇਵਲ 5●● ਸਾਲ ਪੁਰਾਣਾ ਨਹੀਂ, ਕਿਉਂ ਇਹ 'ਸਬਦੁ', ਬਾਣੀ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਅਤੇ ਹੋਰ ਅਨੇਕਾਂ ਅਵਤਾਰਾਂ, ਸੰਤਾਂ, ਭਗਤਾਂ, ਮਹਾਂਪੁਰਖਾਂ ਨੂੰ, ਹਰੇਕ ਜੁਗ ਵਿਚ ਅਨੁਭਵ ਹੁੰਦਾ ਰਿਹਾ ਹੈ। ਗੁਰੂ ਨਾਨਕ ਸਾਹਿਬ ਨੇ ਦਸਾਂ ਜਾਮਿਆਂ ਅਤੇ ਹੁਣ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਇਸ ਅਲੋਪ ਹੋ ਰਹੇ 'ਸਬਦੁ-ਗੁਰੂ ਮਤਿ' ਨੂੰ ਮੁੜ ਸੁਰਜੀਤ ਕਰਕੇ ਪ੍ਰਚਲਤ ਕੀਤਾ ਅਤੇ ਇਸ ਦੀ ਅਤਿਅੰਤ ਵਡਿਆਈ ਕੀਤੀ ਤੇ ਅਹਿਮੀਅਤ ਦਿਤੀ।

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (ਪੰਨਾ-19)

ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।
ਪੰਚਮਿ ਵਿਚਿ ਆਕਾਸੁ ਕਰਿ
ਕਰਤਾ ਛਟਮੁ ਅਦਿਸਟੁ ਸਮਾਈ। (ਵਾ.ਭਾ.ਗੁ.1/2)

3. ਸਾਡਾ ਗੁਰੂ 'ਸਬਦੁ' ਹੈ।

4. 'ਸਬਦੁ' ਗੁਰੂ ਵਿਚ ਸੁਰਤਿ ਜੋੜਨਾ ਯਾ ਸਬਦ ਦੇ ਅਨਹਦ ਨਾਦ ਵਿਚ 'ਸੁਰ' ਹੋਣਾ ਹੀ 'ਚੇਲਾ ਬਣਨਾ' ਹੈ।

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਪੰਨਾ-943)

ਉਪਰ ਦੱਸੇ ਹੋਏ 'ਸਬਦੁ' ਤੋਂ ਸਾਰੀ ਸ੍ਰਿਸ਼ਟੀ ਬਣੀ ਹੈ, ਸਬਦੁ ਵਿਚ ਹੀ ਸਮਾ ਜਾਂਦੀ ਹੈ, ਅਤੇ ਫਿਰ ਦੁਬਾਰਾ ਭੀ 'ਸਬਦੁ' ਤੋਂ ਉਤਪੰਨ ਹੁੰਦੀ ਹੈ —

ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥ (ਪੰਨਾ-117)

ਸਿੱਧਾਂ ਦਾ ਅਗਲਾ ਪ੍ਰਸ਼ਨ ਸੀ ਕਿ ਇਸ 'ਸਬਦੁ' ਦਾ ਵਾਸਾ ਕਿਥੇ ਹੈ ?

ਤਾਂ ਗੁਰੂ ਨਾਨਕ ਸਾਹਿਬ ਨੇ ਉੱਤਰ ਦਿਤਾ ਕਿ 'ਸਬਦੁ' ਸਾਡੇ ਧੁਰ ਅੰਤ੍ਰ-ਆਤਮਾ

ਵਿਚ ਵਸਦਾ ਹੈ, ਅਤੇ ਬਾਹਰ ਸ੍ਰਿਸ਼ਟੀ ਵਿਚ ਵੀ ਸਾਰੇ ਓਤ-ਪੋਤ ਪ੍ਰਵਿਰਤ ਹੈ।

ਜੇਤਾ ਕੀਤਾ ਤੇਤਾ ਨਾਉ॥
ਵਿਣੁ ਨਾਵੈ ਨਾਹੀ ਕੋ ਥਾਉ॥ (ਪੰਨਾ-4)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ (ਪੰਨਾ-695)

ਸੁ ਸਬਦੁ ਨਿਰੰਤਰਿ ਨਿਜ ਘਰ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥ (ਪੰ.-945)

ਸੁ ਸਬਦੁ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥ (ਪੰਨਾ-944)

ਉਪਰਲੇ ਗੁਰਬਾਣੀ ਦੇ ਪ੍ਰਮਾਣਾਂ ਤੋਂ ਇਹ ਸੁਤੇ ਸਿੱਧ ਸਪਸ਼ਟ ਹੋ ਜਾਂਦਾ ਹੈ, ਕਿ ਪਰਮਾਤਮਾ —'ਸਬਦੁ', 'ਨਾਮੁ', ਅਥਵਾ 'ਜੋਤਿ' ਦੇ ਸਰੂਪ ਦੁਆਰਾ ਸਾਡੇ ਅੰਦਰ ਅਤੇ ਸਾਰੀ ਸ੍ਰਿਸ਼ਟੀ ਵਿਚ, ਰਵਿ-ਰਹਿਆ ਭਰਪੂਰ ਹੈ।

ਸਾਇੰਸਦਾਨਾਂ ਨੇ ਮਾਦੇ ਨੂੰ ਬਾਰੀਕ ਤੋਂ ਬਾਰੀਕ ਤੋੜ ਕੇ ਇਹ ਸਿੱਧ ਕੀਤਾ ਹੈ, ਕਿ ਇਹ 'ਠੋਸ-ਮਾਦਾ' (dead matter), ਅਦ੍ਰਿਸ਼ਟ ਅਤਿ ਸੂਖਮ —

1. ਪਰੋਟੌਨਜ਼ (protons)
2. ਨਿਊਟਰੌਨਜ਼ (neutrons)
3. ਇਲੈਕਟਰੋਨਜ਼ (electrons), ਆਦਿ

ਬਾਰੀਕ ਸੂਖਮ ਅਣੂਆਂ (minute nuclear particles) ਦਾ ਬਣਿਆ ਹੋਇਆ ਹੈ। ਇਹਨਾਂ ਵਿਚੋਂ ਪਰੋਟੌਨਜ਼ ਅਤੇ ਨਿਊਟ੍ਰੌਨਜ਼ ਪ੍ਰਮਾਣੂ (atom) ਦੇ ਕੇਂਦਰ (nucleus) ਵਿਚ ਸਥਿਰ ਪਏ ਰਹਿੰਦੇ ਹਨ, ਪਰ ਇਲੈਕਟ੍ਰੌਨਜ਼ ਪ੍ਰਕਾਸ਼ ਦੀ ਰਫਤਾਰ ਨਾਲ ਸਦਾ ਹੀ ਕੇਂਦਰ ਦੇ ਆਲੇ-ਦੁਆਲੇ ਚੱਕਰ (vibrate or oscillate) ਲਾਉਂਦੇ ਰਹਿੰਦੇ ਹਨ। ਇਹਨਾਂ ਇਲੈਕਟ੍ਰੌਨਜ਼ ਦੀ ਹਰਕਤ ਦੁਆਰਾ ਹੀ ਦੁਨੀਆਂ ਦੇ ਸਾਰੇ ਪਦਾਰਥ ਅਤੇ ਬਿਜਲੀ (electric-current) ਹੋਂਦ ਵਿਚ ਆਉਂਦੀ ਹੈ। ਭਾਵ ਇਲੈਕਟ੍ਰੌਨਜ਼ ਦੀ ਸੂਖਮ ਅਤੇ ਅਦ੍ਰਿਸ਼ਟ ਹਰਕਤ (vibration) ਹੀ, ਮਾਦੇ ਅਤੇ ਬਿਜਲੀ ਦੀ ਸਥੂਲ ਤੇ ਦ੍ਰਿਸ਼ਟਮਾਨ ਸ਼ਕਤੀ (power) ਦਾ ਮੂਲ ਹੈ।

ਠੀਕ ਇਸੇ ਤਰ੍ਹਾਂ ਧਰਤੀ ਦੀ ਹਰ ਵਸਤੂ, 'ਅਦ੍ਰਿਸ਼ਟ ਕਸ਼ਿਸ਼' ਜਾਂ 'ਧਰਤ ਖਿੱਚ' (gravitational-pull) ਦੇ ਅਧੀਨ ਹੈ, ਹਰ ਵਸਤੂ ਦੇ ਪ੍ਰਮਾਣੂ ਇਸ ਖਿੱਚ ਦੇ ਨੇਮਾਂ ਦੀ ਪਾਲਣਾ ਕਰਦੇ ਹਨ। ਅਜਿਹੀ 'ਖਿੱਚ' ਸਭ ਪ੍ਰਮਾਣੂਆਂ ਵਿਚ ਕੇਵਲ ਧਰਤੀ ਤੇ ਹੀ ਨਹੀਂ, ਬਲਕਿ ਸਾਰੇ ਵਿਸ਼ਵ ਵਿਚ ਵਿਆਪਕ ਅਤੇ ਪ੍ਰਵਿਰਤ ਹੈ।

'ਪਦਾਰਥਕ ਖਿੱਚ', 'ਚੁੰਬਕੀ ਖਿੱਚ' (magnetic pull) ਦੀ ਤਰ੍ਹਾਂ, ਇਕ ਅੰਨ੍ਹੇ ਨੇਮ ਅਨੁਸਾਰ ਕੰਮ ਕਰਦੀ ਹੈ। ਇਹੋ ਜਿਹੇ ਕੁਦਰਤੀ ਨਿਯਮ, ਅਚੇਤ ਹੋਣ ਕਰਕੇ, ਨਿਰੰਕਾਰੀ

ਨਿਯਮਾਂ ਤੋਂ ਨਿਖੇੜੇ ਜਾ ਸਕਦੇ ਹਨ।

ਉਪਰਲੀਆਂ ਦੋਨਾਂ ਉਦਾਹਰਣਾਂ ਤੋਂ ਸਿੱਧ ਹੁੰਦਾ ਹੈ, ਕਿ ਠੋਸ-ਮਾਦੇ ਵਿਚ ਵੀ 'ਸ਼ਕਤੀ' ਕੰਮ ਕਰ ਰਹੀ ਹੈ। ਪਰ ਇਹ 'ਸ਼ਕਤੀ' ਅਤੇ ਇਸ ਦੇ ਨਿਯਮ 'ਚੇਤੰਨ' ਨਹੀਂ, ਕਿਉਂਕਿ ਇਹ ਬੁੱਧੀ (intelligence) ਅਤੇ ਵਲਵਲੇ (emotion) ਤੋਂ ਵਾਂਝੇ ਹਨ। ਇਹਨਾਂ ਬਾਹਰਲੇ ਦਿਸਦੇ ਸੰਸਾਰਕ 'ਤੱਤਾਂ' (elements) ਅਤੇ ਇਹਨਾਂ ਦੇ ਅਚੇਤ ਨਿਯਮਾਂ ਦਾ ਚਾਲਕ (controller), ਇਕ ਹੋਰ 'ਸਤ-ਚਿਤ-ਅਨੰਦ' ਸਰੂਪ 'ਪਰਮ-ਤੱਤ' (primal element) ਹੈ। ਇਹ ਜੀਉਂਦੀ-ਜਾਗਦੀ 'ਆਤਮਿਕ ਜੀਵਨ-ਰੌਂ' (Divine life current) 'ਅਨਹਦ ਧੁਨੀ' ਦੇ ਰੂਪ ਵਿਚ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ਇਲਾਹੀ 'ਹੁਕਮ' ਦੇ ਅਧੀਨ, ਇਹੀ 'ਆਤਮਿਕ ਜੀਵਨ-ਰੌਂ' ਸਾਰੀ ਸ੍ਰਿਸ਼ਟੀ ਦੇ ਕੁਦਰਤੀ ਨੇਮਾਂ ਵਿਚ, ਪਰਵਿਰਤ ਅਤੇ ਰਵਿ ਰਹੀ ਭਰਪੂਰ ਹੈ।

ਗੁਰਬਾਣੀ ਅਨੁਸਾਰ ਇਸੇ —

'ਪਰਮ-ਤੱਤ'
'ਜੀਵਨ-ਰੌਂ'
'ਅਨਹਦ-ਧੁਨੀ'
'ਰੁਣ-ਝੁਣ ਕਾਰ'
'ਅਕਲ ਕਲਾ'
'ਬਾਣੀ'
'ਨਾਮ'
'ਹੁਕਮ'

ਦੇ ਗੁੱਝੇ, ਸੂਖਮ, ਪਰਮ-ਤੱਤਾਂ ਦੇ ਪ੍ਰਵੇਸ਼ ਅਤੇ ਪਰਵਿਰਤੀ ਨੂੰ ਹੀ 'ਸਬਦੁ' ਕਿਹਾ ਗਿਆ ਹੈ।

The wordless WORD – is the Divine Current ",

permeating
running through
vibrating
projecting
guiding
governing
animating

every particle of the cosmos.

ਏਥੇ ਇਕ ਗੱਲ ਹੋਰ ਸਮਝਣ ਵਾਲੀ ਹੈ, ਕਿ ਸਾਇੰਸਦਾਨਾਂ ਨੇ ਤਾਂ ਦਿਸਦੇ ਮਾਦੇ (matter) ਨੂੰ ਤੋੜ-ਤੋੜ ਕੇ, ਇਸ ਦੇ 'ਸੂਖਮ-ਤੱਤ' ਰੂਪ 'ਨਿਰਚੇਤਨ ਸ਼ਕਤੀ' ਨੂੰ ਲੱਭਿਆ ਹੈ।

ਪਰ, ਭਗਤਾਂ ਨੇ ਸਿਮਰਨ ਦੁਆਰਾ, ਪ੍ਰੇਮਾ-ਭਗਤੀ ਨਾਲ, ਅੰਤਰਮੁਖੀ ਹੋ ਕੇ, ਅਦ੍ਰਿਸ਼ਟ ਖਿੰਡੀਆਂ ਬਿਰਤੀਆਂ ਨੂੰ ਇਕਾਗਰ ਕਰਕੇ, ਆਪਣੇ ਅੰਦਰ ਹੀ 'ਜਾਗਤ-ਜੋਤ' ਤੇ 'ਪਰਮ-ਤੱਤ' ਰੂਪੀ 'ਸਬਦੁ' ਜਾਂ 'ਅਨਹਦ-ਧੁਨੀ' ਨੂੰ ਅਨੁਭਵ ਕੀਤਾ ਹੈ।

ਜਦ ਇਹ ਮਨ 'ਅਨਹਦ-ਧੁਨੀ' ਸੁਣਦਾ ਹੈ ਤਾਂ ਵਿਸਮਾਦੀ—ਅਸਚਰਜ ਰਸ ਮਾਣਦਾ ਹੈ, ਅਤੇ ਫਿਰ 'ਵਾਹੁ-ਵਾਹੁ' ਦੇ ਆਤਮਿਕ ਹੁਲਾਰੇ ਵਿਚ ਆ ਕੇ, ਇਸ ਦਾ ਕਿਸੇ ਬੋਲੀ ਦੁਆਰਾ ਪ੍ਰਗਟਾਵਾ ਹੁੰਦਾ ਹੈ, ਤਾਂ ਉਸ ਨੂੰ 'ਬਾਣੀ' ਕਿਹਾ ਜਾਂਦਾ ਹੈ।

ਜਦ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਇਲਾਹੀ 'ਅਨਹਦ-ਧੁਨੀ' ਦਾ ਪ੍ਰਗਟਾਵਾ ਹੋਇਆ—ਤਾਂ ਉਸ ਨੂੰ 'ਗੁਰਬਾਣੀ' ਕਿਹਾ ਗਿਆ ਹੈ। ਇਸ ਤਰ੍ਹਾਂ ਚਾਰੇ ਜੁਗਾਂ ਦੇ ਸੰਤ ਜਾਂ ਭਗਤ, ਆਪਣੇ ਹਿਰਦੇ ਦੀਆਂ ਡੂੰਘਿਆਈਆਂ ਵਿਚੋਂ ਜਦ ਕੋਈ 'ਬਚਨ' ਉਚਾਰਦੇ ਹਨ, ਤਾਂ ਉਸ ਨੂੰ 'ਸੰਤ-ਬਾਣੀ' ਜਾਂ 'ਭਗਤ ਬਾਣੀ' ਕਹਿੰਦੇ ਹਨ। ਇਹ 'ਅਨਹਦ-ਧੁਨੀ' ਯਾ 'ਨਾਦ', ਸਾਡੇ ਅੰਦਰ ਗੁੱਝੇ ਤੌਰ ਤੇ, ਆਤਮਿਕ ਡੂੰਘਿਆਈਆਂ ਵਿਚ ਇਕ-ਰਸ ਸਦਾ ਗੂੰਜਦੀ ਰਹਿੰਦੀ ਹੈ, ਜਿਸ ਨੂੰ 'ਸਬਦੁ' ਕਿਹਾ ਗਿਆ ਹੈ।

ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ॥ (ਪੰਨਾ-125)

ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ॥
ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ॥
(ਪੰਨਾ-602)

ਇਹ ਗੱਲ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲੈਣੀ ਚਾਹੀਦੀ ਹੈ ਕਿ ਇਸ 'ਸਬਦ' ਦਾ —

ਆਦਿ
ਤੱਤ
ਸਰੂਪ
ਅਨੁਭਵ

ਇਸਦੇ 'ਸੋਮੇ', ਨਿਰੰਕਾਰ ਵਾਂਗੂ —

ਰੂਪ
ਰੰਗ

ਰੇਖ
ਚਕ੍ਰ
ਚਿਹਨ
ਮਨ
ਚਿਤ
ਬੁੱਧੀ
ਸੁਗੰਧ
ਅੱਖਰ
ਸਮੇਂ
ਅਵਾਜ਼
ਦੇਸ਼

ਤੋਂ ਪਰ੍ਹੇ ਹੈ।

ਗੁਰਬਾਣੀ ਵਿਚ 'ਸਬਦ' ਦੀ 'ਅਨਹਦ', 'ਸੂਖਮ', ਅਨੁਭਵੀ ਹੋਂਦ ਨੂੰ ਇਉਂ ਦਰਸਾਇਆ ਗਿਆ ਹੈ।

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ॥
ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥
ਜਹਾ ਬੋਲ ਤਹ ਅਛਰ ਆਵਾ॥
ਜਹ ਅਬੋਲ ਤਹ ਮਨੁ ਨ ਰਹਾਵਾ॥
ਬੋਲ ਅਬੋਲ ਮਧਿ ਹੈ ਸੋਈ॥
ਜਸ ਓਹੁ ਹੈ ਤਸ ਲਖੈ ਨ ਕੋਈ॥ (ਪੰਨਾ-340)

ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ॥ (ਪੰਨਾ-925)

ਸੁੰਨ ਸਬਦੁ ਅਪਰੰਪਰਿ ਧਾਰੈ॥
ਕਹਤੇ ਮੁਕਤੁ ਸਬਦਿ ਨਿਸਤਾਰੈ॥ (ਪੰਨਾ-944)

ਤਿਨਿ ਕਰਤੈ ਇਕੁ ਚਲਤੁ ਉਪਾਇਆ॥
ਅਨਹਦ ਬਾਣੀ ਸਬਦੁ ਸੁਣਾਇਆ॥ (ਪੰਨਾ-1154)

ਵਾਹਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ। (ਵਾ.ਭਾ.ਗੁ. 4/17)

ਅਨਹਦੁ ਸਬਦੁ ਅਵੇਸਿ ਅਘੜੁ ਘੜਾਇਆ। (ਵਾ.ਭਾ.ਗ. 14/3)

ਉਪਰਲੀ ਵਿਚਾਰ ਤੋਂ ਇਹ ਸਿੱਧ ਹੋਇਆ ਕਿ —

1. 'ਸਬਦੁ', ਦ੍ਰਿਸ਼ਟਮਾਨ ਮਾਇਕੀ ਦੁਨੀਆਂ ਵਿਚ 'ਅੱਖਰੀ ਰੂਪ' ਅਤੇ 'ਬੋਲੀ'

ਵਿਚ ਪ੍ਰਗਟ ਹੈ।

ਅਖਰੀ ਨਾਮੁ ਅਖਰੀ ਸਾਲਾਹ॥
ਅਖਰੀ ਗਿਆਨੁ ਗੀਤ ਗੁਣ ਗਾਹ॥ (ਪੰਨਾ-4)

2. 'ਸਬਦ', ਨਿਰਾ-ਪੁਰਾ ਅੱਖਰੀ ਰੂਪ ਨਹੀਂ।

3. ਅਦ੍ਰਿਸ਼ਟ ਆਤਮਿਕ ਮੰਡਲ ਵਿਚ, 'ਸਬਦ', 'ਸੂਖਮ' ਅਤੇ ਅਗੋਚਰ ਹੈ, ਜੋ ਸਾਡੀ ਮਨ, ਬੁੱਧੀ ਦੀ 'ਪਕੜ' ਤੋਂ ਪਰ੍ਹੇ ਹੈ।

4. ਇਹ ਇਲਾਹੀ 'ਸਬਦੁ' ਸਿਰਫ ਅਨੁਭਵ ਦੁਆਰਾ —

ਸਮਝਿਆ
ਬੁੱਝਿਆ
ਸੀਝਿਆ
ਚੀਨਿਆ
ਪਹਿਚਾਨਿਆ
ਵਿਚਾਰਿਆ
ਕਮਾਇਆ
ਭੁੰਚਿਆ
ਵਸਾਇਆ
ਧਿਆਇਆ

ਜਾ ਸਕਦਾ ਹੈ।

5. ਇਹ ਸੂਖਮ 'ਸਬਦ' ਹੀ 'ਇਲਾਹੀ' ਹੋਂਦ ਦਾ —

ਪ੍ਰਗਟਾਵਾ ਹੈ
ਪ੍ਰਤੀਕ ਹੈ
ਪ੍ਰਕਾਸ਼ ਹੈ
ਸਬੂਤ ਹੈ
ਨੀਸਾਣੁ ਹੈ।

6. 'ਸਬਦੁ' ਅਤੇ 'ਨਾਮੁ', ਆਤਮਿਕ ਪ੍ਰਕਾਸ਼ ਦੇ ਦੋ ਪੱਖ ਹਨ —

'ਸਬਦੁ' — ਇਲਾਹੀ 'ਹੋਂਦ' ਦਾ ਪ੍ਰਕਾਸ਼ ਤੇ ਪ੍ਰਤੀਕ ਹੈ।

(Divine essence)

'ਨਾਮੁ' — ਇਸ ਪ੍ਰਕਾਸ਼ ਦੀ ਪ੍ਰਵਿਰਤੀ ਹੈ (dynamic activation)

'ਸਬਦੁ' ਅਤੇ 'ਨਾਮੁ' ਦੋਨੋਂ ਹੀ, ਇਕੋ 'ਆਤਮਿਕ ਪ੍ਰਕਾਸ਼' ਦੇ ਪ੍ਰਤੀਕ ਅਤੇ ਪ੍ਰਗਟਾਵੇ ਹਨ।

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥ (ਪੰਨਾ-644)

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥ (ਪੰਨਾ-921)

ਗੁਰ ਕੈ ਸਬਦਿ ਹਰਿ ਨਾਮੁ ਵਖਾਣੈ॥ (ਪੰਨਾ-1056)

ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ। (ਪੰਨਾ-1066)

ਪਿਛੇ ਜ਼ਿਕਰ ਆ ਚੁਕਾ ਹੈ, ਕਿ 'ਤੱਤ-ਸਬਦੁ', ਆਪਣੇ 'ਸੋਮੇ' ਨਿਰੰਕਾਰ ਵਾਂਗੂ ਅਤੀ ਸੂਖਮ ਅਤੇ ਅਰੂਪ ਹੈ। 'ਸੁਰਤਿ' ਵੀ, 'ਤਤ ਸਬਦ' ਦੀ ਨਿਆਈਂ, ਸੂਖਮ ਅਤੇ ਅਰੂਪ ਹੈ।

'ਸੂਖਮ' ਵਸਤੂ—ਸੂਖਮ ਜ਼ਰੀਏ ਦੁਆਰਾ ਹੀ ਪਕੜੀ ਯਾ ਬੁੱਝੀ ਜਾ ਸਕਦੀ ਹੈ।

ਇਸ ਲਈ ਸੂਖਮ ਸੁਰਤਿ ਹੀ 'ਤੱਤ-ਸਬਦ' ਨੂੰ 'ਅਨੁਭਵ' ਕਰ ਸਕਦੀ ਹੈ, ਕਿਉਂਕਿ ਸੂਖਮ ਸੁਰਤਿ ਵਿਚ ਹੀ ਸਮਰਥਾ ਹੈ, ਕਿ ਇਹ—

ਰੱਬੀ ਭੈ
ਰੱਬੀ ਬਿਸਮਾਦ
ਦੈਵੀ ਪ੍ਰੇਮ
'ਅਨਹਦ ਨਾਦ'
'ਨਾਮ-ਧੁਨ'

ਨੂੰ ਅਨੁਭਵ ਦੁਆਰਾ ਮਾਣਦਿਆਂ ਹੋਇਆਂ, ਤ੍ਰੈ-ਗੁਣੀ ਮਾਇਆ ਦੇ —

ਦੇਸ਼
ਕਾਲ
ਸਿਆਣਪ
ਵਿਕਾਰ

ਦੀਆਂ ਹੱਦਾਂ ਪਾਰ ਕਰਕੇ, 'ਤੱਤ-ਸਬਦ' ਵਿਚ ਸਮਾ ਸਕਦੀ ਹੈ। ਇਹ 'ਸੂਖਮ ਸੁਰਤਿ' ਦੀ ਦਾਤ, 84 ਲੱਖ ਜੂਨਾਂ ਵਿਚ, ਸਿਰਫ਼ ਮਨੁੱਖ ਨੂੰ ਹੀ ਪ੍ਰਦਾਨ ਹੋਈ ਹੈ —

ਹਥ ਪੈਰ ਦੇ ਦਾਤਿ ਕਰਿ ਸਬਦ ਸੁਰਤਿ ਸੁਭ ਦਿਸਟਿ ਦੁਆਰੇ। (ਵਾ.ਭਾ.ਗੁ. 18/3)

ਏਥੇ ਇਹ ਗੱਲ ਸਮਝਣ ਯੋਗ ਹੈ ਕਿ ਇਹ 'ਤੱਤ-ਸਬਦ' ਸਾਡੇ ਮਾਇਆ ਵਿਚ ਗਲਤਾਨ ਹੋਏ 'ਮਨੂਰ' ਮਨ, ਚਿਤ, ਬੁੱਧੀ ਦੀ ਪਕੜ ਤੋਂ ਪਰ੍ਹੇ ਹੈ।

ਇਸ ਵਿਚਾਰ ਤੋਂ ਸਪਸ਼ਟ ਹੈ ਕਿ —

'ਤੱਤ-ਸਬਦੁ' — ਗੁਰੂ ਹੈ ਅਤੇ

'ਸੁਰਤਿ' —ਚੇਲਾ ਹੈ।

ਜਿਸ ਤਰ੍ਹਾਂ 'ਸਬਦ', 'ਸੰਸਾਰ' ਤੇ 'ਨਿਰੰਕਾਰ' ਵਿਚਕਾਰ ਇਕ ਪੁੱਲ (bridge) ਹੈ, ਇਸੇ ਤਰ੍ਹਾਂ 'ਸੁਰਤ' ਭੀ ਸੂਖਮ 'ਤੱਤ-ਸਬਦ', ਅਤੇ 'ਸਥੂਲ-ਅੱਖਰੀ-ਸਬਦੁ' ਵਿਚਕਾਰ ਅਨੁਵਾਦਕ ਯਾ ਉਲਥਾਕਾਰ (translator) ਹੈ।

ਦੂਜੇ ਲਫ਼ਜ਼ਾਂ ਵਿਚ, 'ਸੁਰਤਿ' ਅੰਤ੍ਰ-ਆਤਮੇ ਸੂਖਮ ਦੈਵੀ ਅਨੁਭਵਾਂ ਨੂੰ, ਅੱਖਰਾਂ ਵਿਚ ਬਿਆਨ ਕਰ ਸਕਦੀ ਹੈ ਅਤੇ ਅੱਖਰਾਂ ਵਿਚ ਦਰਸਾਏ ਹੋਏ ਸੂਖਮ ਦੈਵੀ ਗੁਣਾਂ ਨੂੰ ਅੰਤ੍ਰ-ਆਤਮੇ ਅਨੁਭਵ ਕਰਕੇ, 'ਆਤਮਿਕ ਰਸ' ਮਾਣ ਸਕਦੀ ਹੈ।

'ਸੁਰਤਿ' ਹੀ, ਨਿਰੰਕਾਰ ਅਤੇ ਸੰਸਾਰ ਵਿਚਕਾਰ, ਤੱਤ-ਸਬਦੁ' ਰੂਪੀ 'ਪੁਲ' (bridge) ਨੂੰ ਅਨੁਭਵ ਕਰਕੇ, ਜੀਵ ਨੂੰ ਮਾਇਕੀ ਭਵ-ਸਾਗਰ ਤੋਂ ਪਾਰ ਕਰ ਸਕਦੀ ਹੈ। ਇਹ 'ਸੂਖਮ-ਖੇਡ' ਹੇਠ ਲਿਖੇ ਪ੍ਰਮਾਣਾਂ ਤੋਂ ਹੋਰ ਭੀ ਸਪਸ਼ਟ ਹੋ ਜਾਂਦੀ ਹੈ —

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ॥
ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ॥
ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ॥
ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ॥ (ਪੰਨਾ-139)

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥ (ਪੰਨਾ-938)

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ॥ (ਪੰਨਾ-1123)

ਸਬਦੁ ਸੁਰਤਿ ਅਸਗਾਹ ਅਘੜ ਘੜਾਇਆ। (ਵਾ.ਭਾ.ਗੁ. 3/4)

ਪਰ ਇਸ ਅੰਤਰਮੁਖੀ 'ਸੂਖਮ-ਖੇਡ' ਨੂੰ, ਕੇਵਲ ਸਾਧ ਸੰਗਤ ਅਤੇ ਗੁਰ ਪ੍ਰਸਾਦਿ ਦੁਆਰਾ ਹੀ ਬੁੱਝਿਆ ਯਾ ਜਾਣਿਆ ਜਾ ਸਕਦਾ ਹੈ। ਇਸ ਨੁਕਤੇ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਉਂ ਖੋਲ ਕੇ ਦਰਸਾਇਆ ਹੈ —

ਸਬਦ ਸੁਰਤਿ ਲਿਵ ਸਾਧਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ। (ਵਾ.ਭਾ.ਗੁ. 6/19)

ਸਾਧਸੰਗਤਿ ਗੁਰ ਸਬਦ ਸੁਰੱਤੀ। (ਵਾ.ਭਾ.ਗੁ. 7/6)

ਸਾਧਸੰਗਤਿ ਗੁਰਸਬਦੁ ਕਮਾਈ। (ਵਾ.ਭਾ.ਗੁ. 16/1)

ਸਾਧ ਸੰਗਤਿ ਗੁਰੁ ਸਬਦੁ ਵਸੰਦਾ। (ਵਾ.ਭਾ.ਗੁ. 16/3)

ਸਾਧਸੰਗਤਿ ਗੁਰੁ ਸਬਦੁ ਪਿਆਰਾ। (ਵਾ.ਭਾ.ਗੁ. 29/20)

ਸਾਧਸੰਗਤਿ ਗੁਰੁ ਸਬਦ ਵਿਲੋਵੈ। (ਵਾ.ਭਾ.ਗੁ. 28/9)

ਸਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗੁ ਧਾਰੇ। (ਵਾ.ਭਾ.ਗੁ. 37/27)

ਏਥੇ ਇਕ ਗੱਲ ਦੱਸਣੀ ਅਤੀ ਜ਼ਰੂਰੀ ਹੈ ਕਿ 'ਸਬਦੁ-ਸੁਰਤਿ' ਮੇਲ ਹੋਣ ਨਾਲ, ਜੀਵ ਦੀ ਜ਼ਮੀਰ ਜਾਂ 'ਆਤਮਾ ਦੀ ਅਵਾਜ਼', ਨਾਲੋ-ਨਾਲ ਬਲਵਾਨ ਅਤੇ ਗਿਆਨਵਾਨ ਹੁੰਦੀ ਜਾਂਦੀ ਹੈ। ਇਹ ਅਵਾਜ਼ ਜਗਿਆਸੂ ਅੰਦਰ ਲਗਾਤਾਰ, ਅਨੇਕਾਂ ਦੈਵੀ ਪ੍ਰੇਰਨਾਵਾਂ ਤੇ ਭਾਵਨਾਵਾਂ ਪੈਦਾ ਕਰਦੀ ਅਤੇ ਨੀਵੇਂ ਪਾਸਿਓਂ ਤਤ-ਛਿਨ ਰੋਕਦੀ ਹੈ। 'ਜ਼ਮੀਰ' ਦੀ ਅੰਦਰਲੀ ਦੈਵੀ ਅਵਾਜ਼, ਜਗਿਆਸੂ ਦੀ —

ਸੁਰਤਿ
ਮਤਿ
ਮਨ
ਬੁੱਧੀ
ਆਚਰਣ

ਦੀ 'ਘਾੜਤ' ਲਈ, ਅਤਿਅੰਤ ਸਹਾਈ ਹੁੰਦੀ ਹੈ।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ (ਪੰਨਾ-8)

ਇਸ ਵਿਚਾਰ ਤੋਂ ਸੁਤੇ-ਸਿੱਧ ਸਪਸ਼ਟ ਹੋ ਜਾਂਦਾ ਹੈ, ਕਿ 'ਜ਼ਮੀਰ' ਜਾਂ ਆਤਮਾ ਦੀ ਅਵਾਜ਼ ਦਾ 'ਸਬਦ-ਸੁਰਤਿ' ਦੇ ਮੇਲ ਨਾਲ ਗਹਿਰਾ ਸੰਬੰਧ ਹੈ, ਅਤੇ ਇਕ ਦੂਜੇ ਵਿਚ ਓਤ-ਪੋਤ ਹਨ। ਇਹ 'ਜ਼ਮੀਰ' ਦੀ ਅਵਾਜ਼ ਵੀ ਸੁਰਤਿ ਦੁਆਰਾ ਅੰਤ੍-ਆਤਮੇ ਹੀ ਸੁਣਾਈ ਦੇ ਸਕਦੀ ਹੈ।

ਸਬਦ-ਸੁਰਤਿ ਦੇ ਮੇਲ ਨਾਲ, ਇਲਾਹੀ ਮੰਡਲ ਦੇ ਸਾਰੇ ਆਤਮਿਕ ਗੁਣ, ਜੀਵ ਦੇ ਮਨ, ਤਨ, ਚਿਤ, ਬੁੱਧੀ ਵਿਚ ਪ੍ਰਵਿਰਤ ਹੋ ਜਾਂਦੇ ਹਨ ਅਤੇ ਜੀਵ 'ਵਡਭਾਗਾ' ਅਤੇ 'ਗੁਰਮੁਖ' ਬਣ ਜਾਂਦਾ ਹੈ।

(......ਚਲਦਾ)